# THE PUNJAB STATE BOARD OF TECHNICAL EDUCATION AND INDUSTRIAL TRAINING

Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com


ਪੀ.ਐਸ.ਬੀ./ਆਈ.ਟੀ/16/ 3086 ਅਤਿ ਜ਼ਰੂਰੀ/ਸਮਾਂ ਬੱਧ ਮਿਤੀ: 30.11.16.

ਸੇਵਾ ਵਿਖੇ

ਪ੍ਰਿੰਸੀਪਲ,
ਪੰਜਾਬ ਰਾਜ ਅਧੀਨ
ਸਮੂਹ ਆਈ.ਟੀ.ਆਈ ਸੰਸਥਾਵਾਂ ਪ੍ਰਾਈਵੇਟ ਅਤੇ ਸਰਕਾਰੀ,
ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਸੰਸਥਾਵਾਂ।

ਵਿਸ਼ਾ: ਜਨਵਰੀ/ਫਰਵਰੀ 2017 ਵਿੱਚ ਐਨ.ਸੀ.ਵੀ.ਟੀ/ਐਸ.ਸੀ.ਵੀ.ਟੀ/ਆਰਟ ਐਂਡ ਕਰਾਫਟ/ ਟੀਚਰ ਟ੍ਰੇਨਿੰਗ ਦੀ ਹੋਣ ਵਾਲੀ ਪ੍ਰੀਖਿਆ ਲਈ ਪ੍ਰੀਖਿਆ ਕੇਂਦਰ ਬਣਾਉਣ ਸਬੰਧੀ।

ਹਵਾਲਾ: ਇਸ ਦਫਤਰ ਦੇ ਪੱਤਰ ਨੰ: 2979 ਮਿਤੀ 08.11.2016 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਇਸ ਦਫਤਰ ਦੇ ਹਵਾਲਾ ਜਿਕਰ ਪੱਤਰ ਰਾਂਹੀ ਜਨਵਰੀ/ਫਰਵਰੀ 2017 ਵਿੱਚ ਐਨ.ਸੀ.ਵੀ.ਟੀ/ਐਸ.ਸੀ.ਵੀ.ਟੀ/ਆਰਟ ਐਂਡ ਕਰਾਫਟ/ ਟੀਚਰ ਟ੍ਰੇਨਿੰਗ ਦੀ ਹੋਣ ਵਾਲੀ ਪ੍ਰੀਖਿਆ ਲਈ ਪ੍ਰੀਖਿਆ ਕੇਂਦਰ ਬਣਾਉਣ ਸਬੰਧੀ ਸੂਚਨਾ ਐਕਸਲ ਪ੍ਰਫਾਰਮੇ (ਸਾਫਟ ਕਾਪੀ ਦੇ ਰੂਪ) ਵਿੱਚ ਮਿਤੀ 11.11.2016 ਤੱਕ ਈਮੇਲ ਰਾਂਹੀ ਅਤੇ ਮਿਤੀ 18.11.2016 ਤੱਕ ਹਾਰਡ ਕਾਪੀ ਦੇ ਰੂਪ ਵਿੱਚ ਮੰਗੀ ਗਈ ਸੀ, ਪਰੰਤੂ ਇਸ ਸਬੰਧੀ ਅਜੇ ਤੱਕ ਵੀ ਬੋਰਡ ਦਫਤਰ ਪਾਸ ਸਮੂਹ ਸੰਸਥਾਵਾਂ ਪਾਸੋਂ ਸੂਚਨਾ ਪ੍ਰਾਪਤ ਨਹੀਂ ਹੋਈ ਹੈ।

ਉਪਰੋਕਤ ਸਬੰਧੀ ਆਪ ਜੀ ਨੂੰ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਨਿੱਜੀ ਧਿਆਨ ਦਿੰਦੇ ਹੋਏ ਮੰਗੀ ਗਈ ਸੂਚਨਾ ਨੱਥੀ ਪ੍ਰਫਾਰਮੇ (ਐਕਸਲ ਫਾਰਮੇਟ) ਵਿੱਚ ਭਰ ਕੇ ਸਾਫਟ ਕਾਪੀ ਦੇ ਰੂਪ ਵਿੱਚ ਹਰ ਹਾਲਤ ਵਿੱਚ ਮਿਤੀ 01.12.2016 ਤੱਕ ਬੋਰਡ ਦਫਤਰ ਦੀ ਈਮੇਲ ਅਡਰੈਸ contitipb@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ ਕਿਉਂ ਜੋ ਪ੍ਰੀਖਿਆ ਕੇਂਦਰ ਬਣਾਉਣ ਸਬੰਧੀ ਕਾਰਵਾਈ ਆਰੰਭੀ ਹੋਈ ਹੈ। ਜੇਕਰ ਕਿਸੇ ਸੰਸਥਾ ਵੱਲੋਂ ਸੂਚਨਾ ਨਿਰਧਾਰਿਤ ਮਿਤੀ ਤੱਕ ਮੁਹੱਈਆ ਨਹੀਂ ਕਰਵਾਈ ਜਾਂਦੀ ਜਾਂ ਸੂਚਨਾ ਗਲਤ ਮੁਹੱਈਆ ਕਰਵਾਈ ਜਾਂਦੀ ਹੈ ਤਾਂ ਉਸ ਸੰਸਥਾ ਨੂੰ ਉਕਤ ਪ੍ਰੀਖਿਆ ਲਈ ਪ੍ਰੀਖਿਆ ਕੇਂਦਰ ਬਣਾਉਣ ਲਈ ਵਿਚਾਰਿਆ ਨਹੀਂ ਜਾਵੇਗਾ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

**ਅਤਿ ਜ਼ਰੂਰੀ ਨੋਟ: ਮੰਗੀ ਗਈ ਸੂਚਨਾ ਮਿਤੀ 01.12.2016 ਤੱਕ ਕੇਵਲ ਈਮੇਲ ਅਡਰੈਸ contitipb@gmail.com ਤੇ ਸਾਫਟ ਕਾਪੀ (ਕੇਵਲ ਐਕਸਲ ਫਾਰਮੇਟ ਵਿੱਚ ਹੀ) ਦੇ ਰੂਪ ਵਿੱਚ ਪ੍ਰਫਾਰਮੇ ਤੇ ਭਰ ਕੇ ਹੀ ਭੇਜੀ ਜਾਵੇ। ਜਿੰਨ੍ਹਾਂ ਸੰਸਥਾਵਾਂ ਦੁਆਰਾ ਉਕਤ ਸੂਚਨਾ ਬੋਰਡ ਦਫਤਰ ਵਿਖੇ ਪਹਿਲਾਂ ਭੇਜੀ ਜਾ ਚੁੱਕੀ ਹੈ, ਉਹਨਾਂ ਵੱਲੋਂ ਇਸ ਪੱਤਰ ਨੂੰ ਨਜ਼ਰਅੰਦਾਜ਼ ਕੀਤਾ ਜਾਵੇ।**

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ)
ਵਾਸਤੇ ਸਕੱਤਰ
ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਬੋਰਡ

ਨੱਥੀ:- ਉਪਰੋਕਤ ਅਨੁਸਾਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਏ/ਸਕੱਤਰ
2. ਸੀਸਟਮ ਐਡਮਿਨਸਟਰੇਟਰ
3. ਐਡਮਿਨ ਸ਼ਾਖਾ

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ)
ਵਾਸਤੇ ਸਕੱਤਰ
ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਬੋਰਡ